# ਅੰਮ੍ਰਿਤਾ ਪ੍ਰੀਤਮ

ਅੰਮ੍ਰਿਤਾ ਪ੍ਰੀਤਮ ਆਧੁਨਿਕ ਪੰਜਾਬੀ ਕਵਿਤਾ ਦੇ ਦੂਸਰੇ ਪੜਾਅ ਦੀ ਮਹਾਨ ਸ਼ਾਇਰਾ ਹੈ। ਉਸਨੇ ਆਧੁਨਿਕ ਪੰਜਾਬੀ ਕਵਿਤਾ ਵਿੱਚ ਰੁਮਾਂਸ ਤੇ ਸਮਾਜਵਾਦ ਤੋਂ ਚੱਲ ਕੇ ਆਧੁਨਿਕ ਯੁੱਗ ਬੋਧ ਨੂੰ ਸਾਕਾਰ ਕਰਨ ਵਾਲੀ ਕਵਿਤਾ ਦੀ ਸਿਰਜਨਾ ਕੀਤੀ। ਸਾਹਿਤਕ ਤੇ ਵਿਚਾਰਧਾਰਕ ਪੱਖੋਂ ਉਸ ਦੀ ਕਵਿਤਾ ਉਚੇਚੇ ਧਿਆਨ ਦੀ ਮੰਗ ਕਰਦੀ ਹੈ।

ਇਸ ਮਹਾਨ ਸ਼ਾਇਰਾ ਦਾ ਜਨਮ 31 ਅਗਸਤ 1919 ਨੂੰ ਗੁਜਰਾਂਵਾਲਾ (ਪਾਕਿਸਤਾਨ) ਵਿਖੇ ਹੋਇਆ। ਅੰਮ੍ਰਿਤਾ ਪ੍ਰੀਤਮ ਦੇ ਪਿਤਾ ਦਾ ਨਾਂ ਗਿਆਨੀ ਕਰਤਾਰ ਸਿੰਘ ਹਿਤਕਾਰੀ ਤੇ ਮਾਤਾ ਦਾ ਨਾਂ ਰਾਜ ਕੌਰ ਸੀ। ਅੰਮ੍ਰਿਤਾ ਪ੍ਰੀਤਮ ਨੇ ਮੈਟ੍ਰਿਕ ਦੀ ਪੜ੍ਹਾਈ ਤੋਂ ਬਾਅਦ ਗਿਆਨੀ ਪਾਸ ਕੀਤੀ। ਉਸ ਨੂੰ ਕਾਵਿ ਸਿਰਜਣਾ ਦੀ ਪ੍ਰੇਰਣਾ ਆਪਣੇ ਬਾਪ ਤੋਂ ਹੀ ਹਸਿਲ ਹੋਈ। ਚਾਰ ਸਾਲ ਦੀ ਉਮਰ ਵਿੱਚ ਹੀ ਪੁਰਾਣੀ ਰੀਤ ਅਨੁਸਾਰ ਅੰਮ੍ਰਿਤਾ ਪ੍ਰੀਤਮ ਦੀ ਮੰਗਣੀ ਪ੍ਰੀਤਮ ਸਿੰਘ ਨਾਲ ਕਰ ਦਿੱਤੀ ਤੇ 1939 ਵਿੱਚ ਉਸ ਦਾ ਵਿਆਹ ਵੀ ਕਰ ਦਿੱਤਾ। ਪਤੀ ਦਾ ਨਾਂ ਪ੍ਰੀਤਮ ਸਿੰਘ ਹੋਣ ਕਰਕੇ ਉਸ ਨੇ ਆਪਣੇ ਨਾਂ ਨਾਲ ਅੰਮ੍ਰਿਤਾ ਤੋਂ ਬਾਅਦ ਪ੍ਰੀਤਮ ਸ਼ਬਦ ਜੋੜ ਲਿਆ। ਉਹ ਇਸ ਨਾਂ ਨਾਲ ਹੀ ਪ੍ਰਸਿੱਧ ਹੋਈ। ਉਸ ਨੇ ਦੇਸ਼-ਵੰਡ ਤੋਂ ਬਾਅਦ ਦੇਹਰਾਦੂਨ ਤੇ ਦਿੱਲੀ ਵਿਖੇ ਆਲ ਇੰਡੀਆ ਰੇਡੀਓ ਸਟੇਸ਼ਨ 'ਤੇ ਪੰਜਾਬੀ ਅਨਾਊਂਸਰ ਵਜੋਂ ਕਾਰਜ ਕੀਤਾ। ਉਸ ਨੇ 'ਨਾਗਮਣੀ' ਰਸਾਲੇ ਦਾ ਸੰਪਾਦਨ ਵੀ ਕੀਤਾ। ਉਹ ਸਰਬਾਂਗੀ ਲੇਖਿਕਾ ਸੀ । ਨਾਵਲ, ਕਹਾਣੀ, ਕਵਿਤਾ ਤੇ ਵਾਰਤਕ ਆਦਿ ਵਿਧਾਵਾਂ 'ਤੇ ਉਸ ਨੂੰ ਇੱਕੋ ਜਿਹੀ ਮੁਹਾਰਤ ਹਾਸਿਲ ਸੀ।

'ਰਸੀਦੀ ਟਿਕਟ' ਉਸ ਦੀ ਸਵੈ-ਜੀਵਨੀ ਹੈ। ਉਸ ਦੀ ਸਾਹਿਤਕ ਪ੍ਰਤਿਭਾ ਕਰਕੇ ਉਸ ਨੂੰ ਅਨੇਕਾਂ ਇਨਾਮ ਸਨਮਾਨ ਪ੍ਰਾਪਤ ਹੋਏ। 'ਸੁਨੇਹੜੇ' ਕਾਵਿ ਪੁਸਤਕ 'ਤੇ ਉਸ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ। ਪੰਜਾਬ ਸਰਕਾਰ ਵੱਲੋ ਸ਼੍ਰੋਮਣੀ ਸਾਹਿਤਕਾਰ, ਦਿੱਲੀ ਯੂਨੀਵਰਸਿਟੀ ਵੱਲੋਂ ਡੀ. ਲਿੱਟ ਦੀ ਡਿਗਰੀ, ਰਾਜ ਸਭਾ ਦੀ ਮੈਂਬਰ, ਗਿਆਨ ਪੀਠ ਵਰਗੇ ਉੱਚਤਮ ਐਵਾਰਡ ਉਹ ਹਾਸਿਲ ਕਰ ਚੁੱਕੀ ਸੀ। 2005 ਵਿੱਚ ਉਹ ਇਸ ਦੁਨੀਆਂ ਤੋਂ ਵਿਦਾ ਹੋ ਗਈ।

'ਅੰਮ੍ਰਿਤ ਲਹਿਰਾਂ', 'ਜਿਉਂਦਾ ਜੀਵਨ', 'ਤ੍ਰੇਲ ਧੋਤੇ ਫੁੱਲ', 'ਲੰਮੀਆਂ ਵਾਟਾਂ', 'ਮੈਂ ਤਵਾਰੀਖ ਹਾਂ ਹਿੰਦ ਦੀ', 'ਸਰਘੀ ਵੇਲਾ', 'ਓ ਗੀਤਾਂ ਵਾਲਿਓ', 'ਬੱਦਲਾਂ ਦੇ ਪੱਲੇ ਵਿੱਚ', 'ਸੁਨੇਹੜੇ', 'ਅਸ਼ੋਕਾ ਚੇਤੀ', 'ਕਸਤੂਰੀ', 'ਨਾਗਮਣੀ', 'ਕਾਗਜ਼ ਤੇ ਕੈਨਵਸ' ਆਦਿ ਉਸ ਦੇ ਕਾਵਿ ਸੰਗ੍ਰਹਿ ਹਨ। ਉਸ ਨੇ ਆਪਣੀ ਕਵਿਤਾ ਵਿੱਚ ਨਾਰੀ ਸਮੱਸਿਆਵਾਂ/ਹੋਣੀ ਨੂੰ ਵਿਸ਼ੇਸ਼ ਰੂਪ ਵਿੱਚ ਉਭਾਰਨ ਦਾ ਯਤਨ ਕੀਤਾ। ਸਮਾਜਕ ਕਾਣੀ ਵੰਡ ਉੱਤੇ ਤਿੱਖਾ ਵਿਅੰਗ ਕਰਨਾ ਉਸ ਦੀ ਕਾਵਿ -ਕਲਾ ਦਾ ਵਿਸ਼ੇਸ਼ ਲੱਛਣ ਕਿਹਾ ਜਾ ਸਕਦਾ ਹੈ। ਇੱਥੇ ਕੁਝ ਕਾਵਿ ਰਚਨਾਵਾਂ ਨੂੰ ਉਦਾਹਰਨ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

# ਅੱਜ ਆਖਾਂ ਵਾਰਿਸ ਸ਼ਾਹ ਨੂੰ

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ !
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ:
ਉਠ ਦਰਦਮੰਦਾਂ ਦਿਆਂ ਦਰਦੀਆ ਉੱਠ ਤੱਕ ਆਪਣਾ ਪੰਜਾਬ
ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।
ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲਾ,
ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ।
ਇਸ ਜ਼ਰਖ਼ੇਜ਼ ਜ਼ਮੀਨ ਦੇ ਲੂੰ ਲੂੰ ਫੁੱਟਿਆ ਜ਼ਹਿਰ,
ਗਿੱਠ ਗਿੱਠ ਚੜ੍ਹੀਆਂ ਲਾਲੀਆਂ ਫੁਟ ਫੁਟ ਚੜ੍ਹਿਆ ਕਹਿਰ
ਵਿਹੁ ਵਿਲਿੱਸੀ ਵਾ ਫਿਰ ਵਣ-ਵਣ ਵੱਗੀ ਜਾ
ਉਹਨੇ ਹਰ ਇੱਕ ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ।
ਪਹਿਲਾ ਡੰਗ ਮਦਾਰੀਆਂ ਮੰਤਰ ਗਏ ਗੁਆਚ।
ਦੂਜੇ ਡੰਗ ਦੀ ਲੱਗ ਗਈ ਜਣੇ-ਖਣੇ ਨੂੰ ਲਾਗ।
ਨਾਗਾਂ ਕੀਲੇ ਲੋਕ ਮੂੰਹ ਬਸ ਫਿਰ ਡੰਗ ਹੀ ਡੰਗ,
ਪਲੋ ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ।
ਗਲੀਉਂ ਟੁੱਟੇ ਗੀਤ ਫਿਰ ਤੱਕਲਿਉਂ ਟੁੱਟੀ ਤੰਦ,
ਤ੍ਰਿੰਞਣੋਂ ਟੁੱਟੀਆਂ ਸਹੇਲੀਆਂ ਚਰਖੜੇ ਘੂਕਰ ਬੰਦ।
ਸਣੇ ਸੇਜ ਦੇ ਬੇੜੀਆਂ ਲੁੱਡਣ ਦਿੱਤੀਆਂ ਰੋੜ੍ਹ,
ਸਣੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ।
ਜਿੱਥੇ ਵੱਜਦੀ ਸੀ ਫੂਕ ਪਿਆਰ ਦੀ ਉਹ ਵੰਝਲੀ ਗਈ ਗੁਆਚ,

ਰਾਂਝੇ ਦੇ ਸਭ ਵੀਰ ਅੱਜ ਭੁੱਲ ਗਏ ਉਹਦੀ ਜਾਚ।
ਧਰਤੀ 'ਤੇ ਲਹੂ ਵਸਿਆ ਕਬਰਾਂ ਪਈਆਂ ਚੋਣ,
ਪ੍ਰੀਤ ਦੀਆਂ ਸ਼ਹਿਜ਼ਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ।
ਅੱਜ ਸੱਭੇ ਕੈਦੋ ਬਣ ਗਏ ਹੁਸਨ ਇਸ਼ਕ ਦੇ ਚੋਰ,
ਅੱਜ ਕਿੱਥੋਂ ਲਿਆਈਏ ਲੱਭ ਕੇ ਵਾਰਿਸ ਸ਼ਾਹ ਇੱਕ ਹੋਰ।

ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ !
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।

**(ਕਿਤਾਬੇ ਇਸ਼ਕ: ਇਸ਼ਕ ਦੀ ਕਿਤਾਬ/ਕਿੱਸਾ ਹੀਰ, ਜ਼ਰਖ਼ੇਜ਼ ਜ਼ਮੀਨ: ਉਪਜਾਊ ਧਰਤੀ, ਵਿਹੁ-ਵਲਿੱਸੀ: ਜ਼ਹਿਰ ਲਿਬੜੀ, ਮਜ਼ਾਰਾਂ: ਪੀਰਾਂ ਦੀਆਂ ਥਾਵਾਂ)**

## ਚਾਨਣ ਦੀ ਫੁਲਕਾਰੀ

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ !

ਅੰਬਰ ਦਾ ਇਕ ਆਲਾ ਸੂਰਜ ਬਾਲ ਦਿਆਂ
ਮਨ ਦੀ ਉੱਚੀ ਮਮਟੀ ਦੀਵਾ ਕੌਣ ਧਰੇ !

ਅੰਬਰ-ਗੰਗਾ ਹੁੰਦੀ ਗਾਗਰ ਭਰ ਦੇਂਦੀ
ਦਰਦਾਂ ਦਾ ਦਰਿਆਉ ਕਿਹੜਾ ਘੁੱਟ ਭਰੇ !

ਇਹ ਜੁ ਸਾਨੂੰ ਅੱਗ ਉਧਾਰੀ ਦੇ ਚਲਿਉਂ
ਦਿਲ ਦੀ ਬੁੱਕਲ ਬਲਦੀ ਚਿਣਗਾਂ ਕੌਣ ਜਰੇ !

ਆਪਣੇ ਵੱਲੋਂ ਸਾਰੀ ਬਾਤ ਮਕਾ ਬੈਠੇ

ਹਾਲੇ ਵੀ ਇਕ ਹਉਕਾ ਤੇਰੀ ਗੱਲ ਕਰੇ !

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ !

**(ਮਮਟੀ: ਮਕਾਨ ਦੀ ਛੱਤ 'ਤੇ ਉੱਚੀ ਕੰਧ ਜਾਂ ਕੰਧੋਲੀ, ਗਾਗਰ: ਚਾਂਦੀ ਜਾਂ ਲੋਹੇ ਦੀ ਮਟਕੀ)**

## ਤਮਗੇ

ਬਹਾਦੁਰ ਲੋਕ ਮੇਰੇ ਦੇਸ਼ ਦੇ

ਬਹਾਦੁਰ ਲੋਕ ਤੇਰੇ ਦੇਸ਼ ਦੇ

ਇਹ ਸਾਰੇ ਮਰਨ ਮਾਰਨ ਜਾਣਦੇ

ਸਿਰਾਂ ਨੂੰ ਵਾਰਨ ਜਾਣਦੇ

ਸਿਰਫ ਇਹ ਗੱਲ ਵੱਖਰੀ ਹੈ

ਕਿ ਸਿਰ ਕਦੇ ਆਪਣਾ ਨਹੀਂ ਹੁੰਦਾ।

ਇਨਸਾਨ ਦੀ ਇਕ ਲਾਸ਼ ਹੁੰਦੀ ਹੈ

ਪਰ ਖ਼ੁਦਾ ਦੀ ਲਾਸ਼ ਨਹੀਂ ਹੁੰਦੀ

ਤੇ ਜਦੋਂ ਵੀ ਇਨਸਾਨ ਵਿਚਲੇ

ਰੱਬ ਦਾ ਟੁਕੜਾ ਮਰੇ

ਉਸ ਦੀ ਕਦੇ ਬਦਬੂ ਨਹੀਂ ਆਉਂਦੀ।

ਮਹਿਬੂਬ ਕਿਸੇ ਦਾ ਕੋਈ ਨਹੀਂ

ਬਿਲਕੁਲ ਰਕੀਬ ਦਾ ਖ਼ਤਰਾ ਨਹੀਂ
ਤੇ ਨਾ ਹੀ ਖ਼ਤਰਾ ਕਿਸੇ ਦਰਦ ਦਾ।

ਸਿਰਫ਼ ਜਿਹੜੀ ਲੀਕ ਵੱਡੀ ਹੈ
ਉਹ ਇਹ ਦਾ ਅਪਮਾਨ ਕਰਦੀ ਹੈ
ਇਹ ਲੀ ਮੇਟਦੇ, ਕਿ ਲੀਕ ਜੋ
ਸਰਬੱਤ ਦੇ ਮੇਚੇ ਨਹੀਂ ਆਉਂਦੀ।

ਜੋ ਸਾਰੀ ਜਿੱਤ ਵੀ ਨਿਰਵਿਘਨ ਹੈ
ਤੇ ਸਾਰਾ ਜਸ਼ਨ ਵੀ ਨਿਰਵਿਘਨ ਹੈ

ਵਕਤ ਮੁਸਕਰਾ ਰਿਹਾ ਹੈ–
ਤੇ ਇਹਨਾਂ ਦੀ ਛਾਤੀ ਤੇ ਲਾ ਰਿਹਾ ਹੈ
ਨਿਪੁੰਸਕ ਬਹਾਦਰੀ ਦੇ ਕਈ ਤਮਗ਼ੇ.......

**(ਮਹਿਬੂਬ: ਪਿਆਰਾ, ਰਕੀਬ: ਵਿਰੋਧੀ, ਨਿਪੁੰਸਕ ਬਹਾਦਰੀ: ਜੋ ਬਹਾਦਰੀ ਕਿਸੇ ਕੰਮ ਦੀ ਨਹੀਂ, ਸਰਬੱਤ: ਸਭ ਲਈ)**

## ਅਭਿਆਸ-ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ !
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ:
ਉਠ ਦਰਦਮੰਦਾਂ ਦਿਆਂ ਦਰਦੀਆ ਉੱਠ ਤੱਕ ਆਪਣਾ ਪੰਜਾਬ,
ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।

(ਅ) ਇਹ ਸਾਰੇ ਮਰਨ ਮਾਰਨ ਜਾਣਦੇ
ਸਿਰਾਂ ਨੂੰ ਵਾਰਨ ਜਾਣਦੇ
ਸਿਰਫ ਇਹ ਗੱਲ ਵੱਖਰੀ ਹੈ
ਕਿ ਸਿਰ ਕਦੇ ਆਪਣਾ ਨਹੀ ਹੁੰਦਾ।

2. 'ਚਾਨਣ ਦੀ ਫੁਲਕਾਰੀ' ਕਾਵਿ ਰਚਨਾ ਦਾ ਕੇਂਦਰੀ ਭਾਵ ਸਪਸ਼ਟ ਕਰੋ।
3. ਕਵਿੱਤਰੀ ਵਾਰਸ਼ ਸ਼ਾਹ ਨੂੰ ਕਿਉਂ ਯਾਦ ਕਰਦੀ ਹੈ ? ਅਤੇ ਉਸ ਨੂੰ ਕੀ ਕਰਨ ਲਈ ਕਹਿੰਦੀ ਹੈ ?
4. 'ਤਮਗੇ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
5. 'ਅੱਜ ਆਖਾਂ ਵਾਰਿਸ਼ ਸ਼ਾਹ ਨੂੰ' ਕਵਿਤਾ ਕਿਸ ਇਤਿਹਾਸਿਕ ਘਟਨਾ ਵੱਲ ਸੰਕੇਤ ਕਰਦੀ ਹੈ ?ਬਿਆਨ ਕਰੋ।